# ਸ਼ਿਕਾਇਤ ਦਰਜ ਕਰਵਾਉਣਾ

NATIONAL PROBATION SERVICE

## ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਉਸ ਨੂੰ ਠੀਕ ਢੰਗ ਨਾਲ ਸਮਝੀਏ

ਰਾਸ਼ਟਰੀ ਪ੍ਰੀਖਿਆ ਕਾਲ ਸੇਵਾ (National Probation Service) ਉਪਰਲੇ ਪੱਧਰ 'ਤੇ ਕੰਮ ਕਰਦੀ ਹੈ ਤੇ ਸਾਨੂੰ ਆਸ ਹੈ ਕਿ ਜਿਸ ਤਰੀਕੇ ਨਾਲ ਅਸੀਂ ਤੁਹਾਡੇ ਨਾਲ ਕੰਮ ਕਰਦੇ ਹਾਂ, ਇਹ ਉਸ ਵਿੱਚ ਝਲਕਦਾ ਹੈ।

## ਸੁਣਨ ਵਿੱਚ ਇਹ ਠੀਕ ਲਗਦਾ ਹੈ - ਪਰ ਜੇਕਰ ਮੇਰੇ ਕੋਲ ਸ਼ਿਕਾਇਤ ਹੈ ਤਾਂ?

ਪ੍ਰੀਖਿਆ ਕਾਲ ਸਟਾਫ, ਲੋਕਲ ਪ੍ਰੀਖਿਆ ਕਾਲ ਬੋਰਡ (Probation Board), ਬੋਰਡ ਮੈਂਬਰ, ਠੇਕੇਦਾਰ, ਦਲਾਲ ਜਾਂ ਪ੍ਰੀਖਿਆ ਕਾਲ ਸੇਵਾ ਲਈ ਕੰਮ ਕਰਨ ਵਾਲੇ ਕਿਸੇ ਸਵੈਸੇਵੀ ਵੱਲੋਂ ਕੀਤੀ ਗਈ ਕਾਰਵਾਈ ਜਾਂ ਫੈਸਲੇ ਲਈ ਹੀ ਤੁਹਾਡੀ ਸ਼ਿਕਾਇਤ ਹੋਣੀ ਚਾਹੀਦੀ ਹੈ, ਤਾਂ ਹੀ ਉਸ 'ਤੇ ਵਿਚਾਰ ਕੀਤਾ ਜਾਵੇਗਾ। ਜੇਕਰ ਤੁਹਾਡੀ ਸ਼ਿਕਾਇਤ 'ਤੇ ਇਨ੍ਹਾਂ ਵਿੱਚੋਂ ਕਿਸੇ ਵੀ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਜਾਂ ਫਿਰ ਕੋਈ ਫੈਸਲਾ ਨਹੀਂ ਲਿਆ ਜਾਂਦਾ, ਤਾਂ ਵੀ ਤੁਸੀਂ ਸ਼ਿਕਾਇਤ ਦਰਜ ਕਰਵਾ ਸਕਦੇ ਹੋ।

ਅਸੀਂ ਤੁਹਾਡੀ ਸ਼ਿਕਾਇਤ 'ਤੇ ਤਾਂ ਹੀ ਵਿਚਾਰ ਕਰਾਂਗੇ ਜੇਕਰ:

- ਤੁਸੀਂ ਰਾਸ਼ਟਰੀ ਪ੍ਰੀਖਿਆ ਕੱਲ ਸੇਵਾ (National Probation Service) ਦੀ ਦੇਖ-ਰੇਖ ਹੇਠ ਹੋ ਜਾਂ ਫਿਰ ਰਹਿ ਚੁੱਕੇ ਹੋ।
- ਤੁਸੀਂ ਅਦਾਲਤ ਵੱਲੋਂ ਉਪਯੋਗ ਕੀਤੀ ਜਾਣ ਵਾਲੀ ਰਿਪੋਰਟ ਦਾ ਵਿਸ਼ਾ ਰਹਿ ਚੁੱਕੇ ਹੋ ਜਾਂ ਫਿਰ ਹੋਣ ਵਾਲੇ ਹੋ।
- ਕਿਸੇ ਸਮੁਦਾਇਕ ਹੁਕਮ ਜਾਂ ਜੇਲ ਲਾਇਸੈਂਸ ਦੇ ਹਿੱਸੇ ਵਜੋਂ ਕਿਸੇ ਉਲੰਘਣਕਰਤਾ ਦੀਆਂ ਕਾਰਵਾਈਆਂ ਦੇ ਕਾਰਨ ਤੁਸੀਂ ਸ਼ਰੀਰਿਕ ਸੱਟ, ਦਰਦ, ਚੋਰੀ ਜਾਂ ਫਿਰ ਜਾਇਦਾਦ ਦੇ ਨੁਕਸਾਨ ਨਾਲ ਪ੍ਰਭਾਵਿਤ ਹੋਏ ਹੋ।
- ਤੁਸੀਂ ਜੁਰਮ ਲਈ ਦੋਸ਼ੀ ਪਾਏ ਗਏ ਵਿਅਕਤੀ ਦੇ ਸ਼ਿਕਾਰ ਹੋ, ਜੋ ਕਿ ਰਾਸ਼ਟਰੀ ਪ੍ਰੀਖਿਆ ਕੱਲ ਸੇਵਾ (National Probation Service) ਦੀ ਦੇਖ-ਰੇਖ ਹੇਠ ਹੈ।
- ਤੁਸੀਂ ਉਪਰਲੀਆਂ ਸ਼੍ਰੇਣੀਆਂ ਵਿੱਚੋਂ, ਜੋ ਕਿ ਮਰ ਚੁੱਕੇ ਹਨ, ਦੇ ਮਾਪੇ, ਪਤੀ-ਪਤਨੀ ਜਾਂ ਨਾਲ ਰਹਿਣ ਵਾਲੇ ਹਿੱਸੇਦਾਰ, ਭਰਾ, ਭੈਣ ਜਾਂ ਉਸਦੀ ਔਲਾਦ ਹੋ। ਅਸੀਂ ਅਜਿਹੇ ਮਾਮਲਿਆਂ ਨੂੰ ਨਹੀਂ ਵੇਖ ਸਕਦੇ, ਜਿਸਦੀ ਕਿ ਪਹਿਲਾਂ ਤੋਂ ਹੀ ਪੁਲਿਸ ਵੱਲੋਂ ਜਾਂਚ-ਪੜ੍ਹਤਾਲ ਕੀਤੀ ਜਾ ਰਹੀ ਹੈ, ਜਾਂ ਫਿਰ ਉਹ ਕਿਸੇ ਅਦਾਲਤ, ਵੈਧਾਨਿਕ ਟ੍ਰਿਬਿਊਨਲ, ਪੈਰੋਲ ਬੋਰਡ (Parole Board), ਕਰਾਊਨ ਗ੍ਰਿਫਤਾਰੀ ਸੇਵਾ (Crown Prosecution Service), ਜਾਂ ਦੋਸ਼ੀ ਕੇਸਾਂ ਦੇ ਪੁਨਰ ਨਿਰੀਖਣ ਆਯੋਗ (Criminal Cases Review Commission) ਦੇ ਫੈਸਲੇ ਦਾ ਵਿਸ਼ਾ ਹੈ।

ਤੁਹਾਡੀ ਸ਼ਿਕਾਇਤ 'ਤੇ ਆਮ ਤੌਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ, ਜੇਕਰ ਉਹ ਕਿਸੇ ਐਸੀ ਗੱਲ ਬਾਰੇ ਹੈ ਜੋ 12 ਮਹੀਨੇ ਪਹਿਲਾਂ ਵਾਪਰੀ ਹੋਵੇ, ਜਾਂ ਫਿਰ ਜਿਸਦੇ ਬਾਰੇ ਤੁਹਾਨੂੰ ਸਾਲ ਪਹਿਲਾਂ ਤੋਂ ਪਤਾ ਸੀ।

## ਗੱਲਬਾਤ ਕਰਨਾ ਸਭ ਤੋਂ ਚੰਗਾ ਹੈ

ਸ਼ਾਮਿਲ ਵਿਅਕਤੀ ਨਾਲ ਰੂ-ਬ-ਰੂ ਹੋ ਕੇ ਜਾਂ ਫਿਰ ਫੋਨ 'ਤੇ ਗੱਲਬਾਤ, ਅਕਸਰ ਹੱਲ ਹੋ ਸਕਦਾ ਹੈ। ਜੇਕਰ ਇਹ ਔਖਾ ਹੈ, ਤਾਂ ਸਟਾਫ ਦੇ ਕਿਸੇ ਜ਼ਿਆਦਾ ਸੀਨੀਅਰ ਮੈਂਬਰ ਨਾਲ ਵਿਚਾਰਨ ਲਈ ਕਹੋ।

## ਕਲਮ ਤੋਂ ਕਾਗਜ਼

ਤੁਸੀਂ ਲਿਖਤ ਵਿੱਚ ਵੀ ਰਸਮੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਤੁਸੀਂ ਉਸ 'ਤੇ ਦਸਤਖ਼ਤ ਕਰੋ ਅਤੇ ਪ੍ਰੀਖਿਆ ਕਾਲ ਏਰੀਆ ਦੇ ਮੁੱਖ ਅਫਸਰ ਨੂੰ ਭੇਜ ਦਿਓ।

ਸਾਰੇ ਨਾਂ ਅਤੇ ਪਤੇ, ਸਾਨੂੰ ਸੰਪਰਕ ਕਰੋ (Contact Us) ਸੈਕਸ਼ਨ (ਲੋਕਲ ਪ੍ਰੀਖਿਆਕਾਲ ਏਰੀਏ) ਦੇ ਤਹਿਤ www.probation.homeoffice.gov.uk 'ਤੇ ਮੌਜੂਦ ਹਨ।

Punjabi

ਤੁਹਾਡੀ ਚਿੱਠੀ ਮਿਲਣ ਦੇ ਪੰਜ ਕੰਮਕਾਜੀ ਦਿਨਾਂ ਦੇ ਅੰਦਰ ਹੀ ਮੁੱਖ ਅਫਸਰ ਵੱਲੋਂ ਲਿਖਤ ਵਿੱਚ ਦੱਸਿਆ ਜਾਵੇਗਾ ਕਿ ਤੁਹਾਡੀ ਸ਼ਿਕਾਇਤ ਦਾ ਨਿਪਟਾਰਾ ਕਿਸ ਤਰ੍ਹਾਂ ਹੋਵੇਗਾ। ਉਹ ਤੁਹਾਨੂੰ ਤਾਰੀਖ ਦੇ ਦੇਵੇਗਾ ਕਿ ਕਦੋਂ ਤੁਸੀਂ ਉਸਦੇ ਨਤੀਜੇ ਦੀ ਉਮੀਦ ਕਰ ਸਕਦੇ ਹੋ।

ਜੇਕਰ ਤੁਹਾਡੀ ਸ਼ਿਕਾਇਤ ਕਿਸੇ ਅਜਿਹੇ ਮਾਮਲੇ ਬਾਰੇ ਹੈ, ਜਿਸ ਵਿੱਚ ਕਿ ਮੁੱਖ ਅਫਸਰ ਸ਼ਾਮਿਲ ਹੈ, ਤਾਂ ਤੁਸੀਂ ਆਪਣੀ ਚਿੱਠੀ ਆਪਣੇ ਲੋਕਲ ਪ੍ਰੀਖਿਆ ਕਾਲ ਬੋਰਡ ਦੇ ਸਕੱਤਰ ਨੂੰ ਲਿਖ ਸਕਦੇ ਹੋ।

## ਜੇਕਰ ਤੁਸੀਂ ਨਤੀਜੇ ਤੋਂ ਸੰਤੁਸ਼ਟ ਨਹੀਂ ਹੋ

ਤੁਸੀਂ ਨਤੀਜਾ ਮਿਲਣ ਦੇ 15 ਕੰਮਕਾਜੀ ਦਿਨਾਂ ਦੇ ਅੰਦਰ ਅਪੀਲ ਕਰ ਸਕਦੇ ਹੋ। ਪ੍ਰੀਖਿਆ ਕਾਲ ਬੋਰਡ (Probation Board) ਦੇ ਸਕੱਤਰ (Secretary) ਨੂੰ ਲਿਖੋ। ਦੱਸੋ ਕਿ ਕਿਉਂ ਤੁਸੀਂ ਅਪੀਲ ਕਰਨਾ ਚਾਹੁੰਦੇ ਹੋ। ਸਕੱਤਰ ਤੁਹਾਡੀ ਚਿੱਠੀ ਮਿਲਣ ਦੇ ਪੰਜ ਕੰਮਕਾਜੀ ਦਿਨਾਂ ਦੇ ਅੰਦਰ ਉਸ ਦਾ ਜਵਾਬ ਭੇਜੇਗਾ।

ਇੱਕ ਪੈਨਲ, ਜਿਸ ਵਿੱਚ ਘੱਟੋ-ਘੱਟ ਇੱਕ ਬੋਰਡ ਮੈਂਬਰ ਸ਼ਾਮਿਲ ਹੋਵੇਗਾ, ਤੁਹਾਡੀ ਅਪੀਲ 'ਤੇ ਗੌਰ ਕਰੇਗਾ। ਹੋ ਸਕਦਾ ਹੈ ਕਿ ਉਹ ਤੁਹਾਨੂੰ ਜਾਂ ਜਾਂਚ ਅਧਿਕਾਰੀ ਨੂੰ ਮਿਲਣ ਲਈ ਕਹਿਣ।

ਅਪੀਲ ਦੀ ਰਸੀਦ ਮਿਲਣ ਦੇ 20 ਕੰਮਕਾਜੀ ਦਿਨਾਂ ਦੇ ਅੰਦਰ ਤੁਹਾਨੂੰ ਨਤੀਜਾ ਭੇਜ ਦਿੱਤਾ ਜਾਵੇਗਾ।

ਪੈਨਲ ਤੁਹਾਨੂੰ ਦੱਸ ਦੇਵੇਗਾ ਜੇਕਰ ਉਨ੍ਹਾਂ ਨੂੰ ਫੈਸਲਾ ਲੈਣ ਲਈ ਜਿਆਦਾ ਸਮਾਂ ਚਾਹੀਦਾ ਹੋਵੇਗਾ।

## ਜੇਕਰ ਤੁਸੀਂ ਉਲੰਘਣਕਰਤਾ ਹੋ, ਜਿਸਨੇ ਇਹ ਕਦਮ ਚੁੱਕੇ ਹਨ ਅਤੇ ਉਸਦੇ ਬਾਵਜੂਦ ਫੈਸਲੇ ਤੋਂ ਸੰਤੁਸ਼ਟ ਨਹੀਂ ਹੋ.....

ਤੁਸੀਂ ਇੱਕ ਮਹੀਨੇ ਦੇ ਅੰਦਰ-ਅੰਦਰ Prisons and Probation Ombudsman, ਨੂੰ ਅਪੀਲ ਦੇ ਫੈਸਲੇ ਬਾਰੇ ਲਿਖ ਸਕਦੇ ਹੋ, ਜੇਕਰ ਤੁਸੀਂ :

- ਰਾਸ਼ਟਰੀ ਪ੍ਰੀਖਿਆ ਕੱਲ ਸੇਵਾ (National Probation Service) ਦੀ ਦੇਖ-ਰੇਖ ਹੇਠ ਰਹੇ ਹੋ।
- ਪ੍ਰੀਖਿਆ ਕਾਲ ਦੀ ਰਿਹਾਇਸ਼ ਵਿੱਚ ਰਹੇ ਹੋ
- ਤੁਹਾਡੇ ਬਾਰੇ ਅਦਾਲਤ ਦੇ ਉਪਯੋਗ ਲਈ ਬਣਾਈ ਗਈ ਰਿਪੋਰਟ ਹੈ

## ਜੇਕਰ ਤੁਸੀਂ ਪੀੜ੍ਹਤ ਹੋ, ਜਿਸਨੇ ਇਹ ਕਦਮ ਚੁੱਕੇ ਹਨ ਅਤੇ ਉਸਦੇ ਬਾਵਜੂਦ ਫੈਸਲੇ ਤੋਂ ਸੰਤੁਸ਼ਟ ਨਹੀਂ ਹੋ.....

ਸੰਸਦੀ ਔਂਬੱਡਸਮੈਨ (Parliamentary Ombudsman) ਤੁਹਾਡੀ ਸ਼ਿਕਾਇਤ 'ਤੇ ਵਿਚਾਰ ਕਰ ਸਕਦਾ ਹੈ, ਜੇਕਰ ਤੁਸੀਂ :

- ਉਹ ਪੀੜ੍ਹਤ ਜੋ ਕਿ ਪੀੜ੍ਹਤ ਸੰਪਰਕ ਸਕੀਮ (Victim Contact Scheme) ਦੇ ਤਹਿਤ NPS ਤੋਂ ਸੇਵਾਵਾਂ ਪ੍ਰਾਪਤ ਕਰ ਰਿਹਾ ਹੈ
- ਪੀੜ੍ਹਤ ਦੇ ਪਰਿਵਾਰਿਕ ਮੈਂਬਰ ਹੋ, ਜੋ ਕਿ ਮਰ ਚੁੱਕਿਆ ਹੈ ਅਤੇ ਤੁਸੀਂ ਪੀੜ੍ਹਤ ਸੰਪਰਕ ਸਕੀਮ (Victim Contact Scheme) ਦੇ ਤਹਿਤ NPS ਤੋਂ ਸੇਵਾਵਾਂ ਪ੍ਰਾਪਤ ਕਰ ਰਹੇ ਹੋ।

ਤੁਸੀਂ ਸੰਸਦ ਦੇ ਕਿਸੇ ਮੈਂਬਰ ਦੇ ਜ਼ਰੀਏ ਪਾਰਲੀਮੈਂਟਰੀ ਔਂਬੱਡਸਮੈਨ ਕੋਲ ਆਪਣਾ ਮਾਮਲਾ ਵਿਚਾਰ ਲਈ ਭੇਜ ਸਕਦੇ ਹੋ। ਪਾਰਲੀਮੈਂਟਰੀ ਔਂਬੱਡਸਮੈਨ ਕੋਲ ਸ਼ਿਕਾਇਤ ਲੈ ਕੇ ਜਾਣ ਬਾਰੇ ਜਾਣਕਾਰੀ www.ombudsman.org.uk ਤੋਂ ਲੱਭੀ ਜਾ ਸਕਦੀ ਹੈ।

ਰਾਸ਼ਟਰੀ ਪ੍ਰੀਖਿਆ ਕੱਲ ਸੇਵਾ (National Probation Service)

ਰਾਸ਼ਟਰੀ ਉਲੰਘਣਕਰਤਾ ਪ੍ਰਬੰਧਨ ਸੇਵਾ

ਦੋਬਾਰਾ ਉਲੰਘਣ ਕਰਨ ਨੂੰ ਘੱਟ ਕਰਨ ਲਈ ਇਕੱਠੇ ਕੰਮ ਕਰਨਾ

www.probation.homeoffice.gov.uk